# ਮੱਕੀ ਵਿੱਚ ਫ਼ਾਲ ਆਰਮੀਵਰਮ ਦੀ ਸੁਚੱਜੀ ਰੋਕਥਾਮ ਲਈ ਪੀ ਏ ਯੂ ਦੀ ਸਲਾਹ

ਮੱਕੀ ਵਿੱਚ ਫ਼ਾਲ ਆਰਮੀਵਰਮ ਕੀੜੇ ਨੂੰ ਫੈਲਣ ਤੋਂ ਰੋਕਣ ਲਈ, ਪੰਜਾਬ ਖੇਤੀਬਾੜੀ ਯੂਨੀਵਰਸਿਟੀ (ਪੀਏਯੂ), ਲੁਧਿਆਣਾ ਨੇ ਕਿਸਾਨਾਂ ਨੂੰ ਸਲਾਹ ਦਿੱਤੀ ਹੈ ਕਿ ਉਹ ਕੀੜਿਆਂ ਦੇ ਹਮਲੇ ਦੀ ਰੋਕਥਾਮ ਲਈ ਫ਼ਸਲ ਦਾ ਲਗਾਤਾਰ ਸਰਵੇਖਣ ਕਰਨ।

ਯੂਨੀਵਰਸਿਟੀ ਦੇ ਮਾਹਿਰਾਂ ਨੇ ਮੱਕੀ ਵਿੱਚ ਫ਼ਾਲ ਆਰਮੀਵਰਮ ਦੇ ਹਮਲੇ ਦੀ ਰੋਕਥਾਮ ਲਈ ਹੇਠ ਲਿਖੇ ਉਪਾਅ ਕਰਨ ਦਾ ਸੁਝਾਅ ਦਿੱਤਾ ਹੈ:

## ਕਾਸ਼ਤਕਾਰੀ ਢੰਗ

- ਮੱਕੀ ਦੀ ਬਿਜਾਈ ਸਿਫ਼ਾਰਿਸ਼ ਕੀਤੇ ਸਮੇਂ ਮੁਤਾਬਿਕ ਕਰੋ, ਤਾਂ ਜੋ ਕੀੜਿਆਂ ਲਈ ਮੱਕੀ ਦੀ ਉਪਲਬਧਤਾ ਦਾ ਸਮਾਂ ਘਟਾਇਆ ਜਾ ਸਕੇ।
- ਚਾਰੇ ਵਾਲੀ ਮੱਕੀ ਦੀ ਬਿਜਾਈ ਸਿਰਫ਼ ਮੱਧ-ਅਪ੍ਰੈਲ ਤੋਂ ਮੱਧ-ਅਗਸਤ ਦੌਰਾਨ ਹੀ ਕਰੋ।
- ਨਾਲ ਲੱਗਦੇ ਖੇਤਾਂ ਵਿੱਚ ਮੱਕੀ ਦੀ ਬਿਜਾਈ ਥੋੜ੍ਹੇ-ਥੋੜ੍ਹੇ ਵਕਫ਼ੇ ਤੇ ਨਾ ਕਰੋ।
- ਚਾਰੇ ਵਾਲੀ ਮੱਕੀ ਵਿੱਚ ਰਵਾਂਹ/ਬਾਜਰਾ/ਜੁਆਰ ਰਲਾ ਕੇ ਬੀਜੋ।

## ਕੀਟਨਾਸ਼ਕਾਂ ਨਾਲ ਰੋਕਥਾਮ

- 0.5 ਮਿਲੀਲੀਟਰ ਡੈਲੀਗੇਟ 11.7 ਐੱਸ ਸੀ (ਸਪਾਈਨਟੋਰਮ) ਜਾਂ 0.4 ਮਿਲੀਲੀਟਰ ਕੋਰਾਜਨ 18.5 ਐੱਸ ਸੀ (ਕਲੋਰੈਂਟਰਾਨਿਲੀਪਰੋਲ) ਜਾਂ 0.4 ਗ੍ਰਾਮ

ਮਿਸਾਈਲ 5 ਐੱਸ ਸੀ (ਐਮਾਮੈਕਟਿਨ ਬੈਂਜ਼ੋਏਟ) ਪ੍ਰਤੀ ਲੀਟਰ ਪਾਣੀ ਵਿੱਚ ਘੋਲ਼ ਕੇ ਮੱਕੀ ਦੀ ਗੋਭ ਵਿੱਚ ਛਿੜਕਾਅ ਕਰੋ।

- 20 ਦਿਨਾਂ ਤੱਕ ਦੀ ਫ਼ਸਲ ਲਈ 120 ਲੀਟਰ ਘੋਲ ਪ੍ਰਤੀ ਏਕੜ ਲਈ ਵਰਤੋ ਅਤੇ ਫ਼ਸਲ ਦੇ ਵਾਧੇ ਅਨੁਸਾਰ 200 ਲੀਟਰ ਘੋਲ ਪ੍ਰਤੀ ਏਕੜ ਤੱਕ ਵਧਾਓ।

**ਸਾਵਧਾਨੀ**

- ਕੋਰਾਜਨ ਦੇ ਛਿੜਕਾਅ ਤੋਂ ਬਾਅਦ 21 ਦਿਨਾਂ ਤੱਕ ਚਾਰਾ ਪਸ਼ੂਆਂ ਨੂੰ ਨਾ ਪਾਓ।
- ਘੋਲ ਨੂੰ ਤਿਆਰ ਕਰਨ ਅਤੇ ਛਿੜਕਾਅ ਲਈ ਦਸਤਾਨੇ ਪਾਓ।